ਵੱਲੋ

ਡਾਇਰੈਕਟਰ,
ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,
(ਤਕਨੀਕੀ ਸਿਖਿਆ ਵਿੰਗ)
ਪੰਜਾਬ, ਚੰਡੀਗੜ੍ਹ।

ਸੇਵਾ ਵਿਖੇ

ਸਮੂੰਹ ਸੈਕਸ਼ਨਿੰਗ ਅਥਾਰਟੀਆਂ
ਰਜਿਸਟਰਾਰ (ਸੈਕਸ਼ਨਿੰਗ ਅਥਾਰਟੀਜ)

1. ਪੰਜਾਬ ਤਕਨੀਕੀ ਯੂਨੀਵਰਸਿਟੀ, ਜਲੰਧਰ
2. ਡਾ: ਬੀ ਆਰ ਅੰਬੇਦਕਰ ਨੈਸ਼ਨਲ ਇਸ : ਆਫ ਟੈਕ : ਜਲੰਧਰ
3. ਇੰਡੀਅਨ ਇੰਸ : ਆਫ ਟੈਕ : ਰੋਪੜ
4. ਸੰਤ ਲੋਗੋਂਵਾਲ ਇੰਸ ਆਫ ਇੰਜੀ : ਅਤੇ ਟੈਕ : ਸੰਗਰੂਰ
5. ਨੈਸ਼ਨਲ ਇੰਸ: ਆਫ ਫਾਰਮੈਸਿਊਟੀਕਲ ਐਜੂਕੇਸ਼ਨ ਐਂਡ ਰਿਸਰਚ ਮੋਹਾਲੀ
6. ਥਾਪਰ ਯੂਨੀਵਰਸਿਟੀ ਪਟਿਆਲਾ ।

7-21 ਪ੍ਰਿੰਸੀਪਲ
ਸਰਕਾਰੀ ਬਹੁਤਕਨੀਕੀ ਕਾਲਜ, ਅੰਮ੍ਰਿਤਸਰ, ਬਠਿੰਡਾ,ਬਟਾਲਾ,ਬਹਿਰਾਮ, ਬੇਗੋਵਾਲ , ਬਰੇਟਾ, ਭਿੱਖੀਵਿੰਡ, ਹੁਸ਼ਿਆਰਪੁਰ, ਜੀ.ਟੀ.ਬੀ.ਗੜ, ਫਤੂਹੀਖੇੜਾ, ਰਾਂਣਵਾ, ਖੂਨੀ ਮਾਜਰਾ, ਕੋਟਕਪੂਰਾ ਫਿਰੋਜਪੁਰ ।

22-27 ਸਰਕਾਰੀ ਬਹੁਤਕਨੀਕੀ ਕਾਲਜ ਲੜਕੀਆਂ, ਅੰਮ੍ਰਿਤਸਰ, ਜਲੰਧਰ, ਦੀਨਾਨਗਰ , ਪਟਿਆਲਾ ਲੁਧਿਆਣਾ ਅਤੇ ਰੋਪੜ ।

28 ਪ੍ਰਿੰਸੀਪਲ ਗੋਰਮਿੰਟ ਇੰਸ : ਆਫ ਟੈਕਸਟਾਈਲ ਕੈਮਿਸਟਰੀ ਅਤੇ ਨਿਟਿੰਗ ਟੈਕ : ਲੁਧਿਆਣਾ

ਮੀਮੋ ਨੰ: 1/ਟੀ ਈ /ਸਕਾਲਰਸ਼ਿਪ / 336 ਮਿਤੀ 12-6-15

ਵਿਸ਼ਾ - ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਟੂ ਐਸ.ਸੀ ਸਟੂਡੈਂਟਸ ਸਕੀਮ ਤਹਿਤ ਸਾਲ 2014-15 ਦੇ ਵਿਦਿਆਰਥੀਆਂ ਦੀ ਵੈਰੀਫੀਕੇਸ਼ਨ ਕਰਨ ਸਬੰਧੀ।

ਹਵਾਲਾ - ਇਸ ਦਫਤਰ ਦਾ ਪੱਤਰ ਨੰ: 275-277 ਮਿਤੀ 13-05-2015 ਦੇ ਸਬੰਧ ਵਿੱਚ ਉਪਰੋਕਤ ਵਿਸ਼ੇ ਤੇ।

ਹਵਾਲਾ ਅਧੀਨ ਪੱਤਰ ਰਾਹੀਂ ਆਪ ਨੂੰ ਡਾਇਰੈਕਟਰ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ ਵਿਭਾਗ, ਪੰਜਾਬ, ਚੰਡੀਗੜ ਪਾਸੋਂ ਪ੍ਰਾਪਤ ਹੋਏ ਪੱਤਰ ਨੰ: ਸ-17/577 ਮਿਤੀ 28-04-2015 ਭੇਜਦੇ ਹੋਏ ਬੇਨਤੀ ਕੀਤੀ ਗਈ ਸੀ ਕਿ ਆਪਣੀ ਰਿਪੋਰਟ 7 ਦਿਨਾਂ ਦੇ ਵਿੱਚ-2 ਭੇਜੀ ਜਾਵੇ ਪਰ ਇਹ ਰਿਪੋਰਟ ਹੁਣ ਤੱਕ ਇਸ ਦਫਤਰ ਨੂੰ ਆਪ ਵੱਲੋਂ ਪ੍ਰਾਪਤ ਨਹੀਂ ਹੋਈ ।ਇਸੇ ਦੇ ਸਬੰਧ ਵਿੱਚ ਭਲਾਈ ਭਲਾਈ ਵਿਭਾਗ ਪਾਸੋਂ ਪ੍ਰਾਪਤ ਹੋਏ ਪੱਤਰ ਨੰ: ਸ-17/711-14 ਮਿਤੀ 04-06-2015 (ਕਾਪੀ ਨੱਥੀ ਹੈ) ਮੁੜ ਹਦਾਇਤ ਕੀਤੀ ਜਾਂਦੀ ਹੈ ਕਿ ਆਪ ਆਪਣੀ ਅਤੇ ਆਪ ਦੇ ਅਧੀਨ ਆਉਂਦੀਆਂ ਸੰਸਥਾਵਾਂ ਦੇ ਕਲੇਮਾਂ ਦੀ ਵੈਰੀਫੀਕੇਸ਼ਨ ਕਰਕੇ ,ਭਲਾਈ ਵਿਭਾਗ ਵੱਲੋਂ ਕੀਤੀ ਗਈ ਵੈਰੀਫੀਕੇਸ਼ਨ ਤੋਂ ਇਲਾਵਾ ਹੋਰ ਕਿਸੇ ਕਿਸਮ ਦੀ ਡੁਪਲੀਕੇਸੀ ਨਹੀਂ ਪਾਈ ਗਈ ਹੈ। ਅਤੇ ਆਪ ਵੱਲੋਂ ਇਹ ਵੀ ਤਸਦੀਕ ਕੀਤਾ ਜਾਵੇ ਕਿ ਆਪ ਦੀ ਅਤੇ ਆਪ ਦੇ ਅਧੀਨ ਆਉਂਦੀਆਂ ਸੰਸਥਾਵਾਂ ਦੇ ਕਲੇਮਾਂ ਵਿੱਚ ਹੋਰ ਡੁਪਲੀਕੇਸੀ /ਕਮੀਆਂ ਨਹੀਂ ਪਾਈਆਂ ਗਈਆਂ ਹਨ, ਬਾਰੇ ਆਪਣੀ ਰਿਪੋਰਟ ਮਿਤੀ 16-03-2015 ਨੂੰ ਸ਼ਾਮ 03:00 ਵੱਜੇ ਤੱਕ ਈ ਮੇਲ dtescholarship@yahoo.com ਤੇ ਭੇਜਣਾਂ ਯਕੀਨੀ ਬਣਾਇਆ ਜਾਵੇ ।

ਡਿਪਟੀ ਡਾਇਰੈਕਟਰ,
ਵਾਸਤੇ ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ, ਚੰਡੀਗੜ੍ਹ।

ਨੱਥੀ /ਉਪਰੋਕਤ ਅਨੁਸਾਰ

ਪਿੱਠ ਅੰਕਣ ਨੰ: ਟੀ ਈ/ਸਕਾਲਰਸ਼ਿਪ ਮਿਤੀ

ਉਪਰੋਕਤ ਦਾ ਇਕ ਉਤਾਰਾ ਡਾਇਰੈਕਟਰ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ,ਭਲਾਈ ਵਿਭਾਗ ਪੰਜਾਬ, ਐਸ .ਸੀ.ਓ ਨੰ: 128-129, ਸੈਕਟਰ 34-ਏ, ਚੰਡੀਗੜ ਨੂੰ ਉਹਨਾਂ ਦੇ ਹਵਾਲਾ ਅਧੀਨ ਪੱਤਰ ਸ-17/711-14 ਮਿਤੀ 04-06-2015 ਦੇ ਹਵਾਲੇ ਵਿੱਚ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।

ਡਿਪਟੀ ਡਾਇਰੈਕਟਰ,
ਵਾਸਤੇ ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ, ਚੰਡੀਗੜ੍ਹ।

ਪਿੱਠ ਅੰਕਣ ਨੰ: ਟੀ ਈ/ਸਕਾਲਰਸ਼ਿਪ ਮਿਤੀ

ਉਪਰੋਕਤ ਦਾ ਇਕ ਉਤਾਰਾ ਪ੍ਰੋਗਰਾਮਰ (ਮੁੱਖ ਦਫਤਰ) ਨੂੰ ਉਪਰੋਕਤ ਪੱਤਰ ਵਿਭਾਗ ਦੀ ਵੈਬ ਸਾਇਟ ਤੇ ਪਾਉਣ ਹਿੱਤ ਭੇਜਿਆ ਜਾਂਦਾ ਹੈ।

ਡਿਪਟੀ ਡਾਇਰੈਕਟਰ,
ਵਾਸਤੇ ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ, ਚੰਡੀਗੜ੍ਹ।

ਡਾਇਰੈਕਟੋਰੇਟ
ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਭਲਾਈ ਵਿਭਾਗ
ਐਸ.ਸੀ.ਓ. ਨੰ: 128-129, ਸੈਕਟਰ 34ਏ, ਚੰਡੀਗੜ੍ਹ

ਸੇਵਾ ਵਿਖੇ

1. ਪ੍ਰਿੰਸੀਪਲ ਸੱਕਤਰ ਪੰਜਾਬ ਸਰਕਾਰ, ਸਕੂਲ ਸਿੱਖਿਆ, ਚੰਡੀਗੜ੍ਹ
2. ਪ੍ਰਿੰਸੀਪਲ ਸੱਕਤਰ ਪੰਜਾਬ ਸਰਕਾਰ, ਉਚੇਰੀ ਸਿੱਖਿਆ ਤੇ ਭਾਸ਼ਾ, ਚੰਡੀਗੜ੍ਹ
3. ਸੱਕਤਰ ਪੰਜਾਬ ਸਰਕਾਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ, ਚੰਡੀਗੜ੍ਹ
4. ਸੱਕਤਰ ਪੰਜਾਬ ਸਰਕਾਰ, ਡਾਕਟਰੀ ਸਿੱਖਿਆ ਅਤੇ ਖੋਜ, ਚੰਡੀਗੜ੍ਹ।

ਮੀਮੋ ਨੰ: ਸ-17/ 711-14
ਮਿਤੀ ਚੰਡੀਗੜ੍ਹ: 4/6/2015

ਵਿਸ਼ਾ:- ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐਸ.ਸੀ. ਸਟੂਡੈਂਟਸ ਸਕੀਮ ਤਹਿਤ ਸਾਲ 2014-15 ਦੇ ਵਿਦਿਆਰਥੀਆਂ ਦੀ ਵੈਰੀਫਿਕੇਸ਼ਨ ਕਰਨ ਸਬੰਧੀ।

ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਵੱਲੋਂ ਮਿਤੀ 4-5-2015 ਨੂੰ, ਲਾਗੂ ਕਰਤਾ ਵਿਭਾਗਾਂ ਨਾਲ ਹੋਈ ਮੀਟਿੰਗ ਵਿੱਚ ਆਦੇਸ਼ ਦਿੱਤੇ ਸਨ ਕਿ ਪੋਸਟ ਮੈਟ੍ਰਿਕ ਐਸ.ਸੀ. ਸ਼ਕਾਲਰਸ਼ਿਪ ਸਕੀਮ ਤਹਿਤ ਸਾਲ 2014-15 ਦੇ ਵਿਦਿਆਰਥੀਆਂ ਦੀ ਲਾਗੂ ਕਰਤਾ ਵਿਭਾਗ ਰੀਵੈਰੀਫਿਕੇਸ਼ਨ ਕਰਕੇ ਜਲਦ ਰਿਪੋਰਟ, ਭਲਾਈ ਵਿਭਾਗ ਨੂੰ ਭੇਜਣਗੇ।

ਮਿਤੀ 1-4-2015 ਨੂੰ ਲਾਗੂ ਕਰਤਾ ਵਿਭਾਗਾਂ ਨਾਲ ਡਾਇਰੈਕਟਰ, ਭਲਾਈ ਵਲੋਂ ਮੀਟਿੰਗ ਕੀਤੀ ਗਈ ਅਤੇ ਅੱਧ ਸਰਕਾਰੀ ਪੱਤਰ ਨੰ: 577-582 , ਮਿਤੀ 28-04-2015, ਪੱਤਰ ਨੰ: 8422-27 ਮਿਤੀ 28-04-2015 ਅਤੇ ਪੱਤਰ ਨੰ:198-203 ਮਿਤੀ: 18-5-2015 ਰਾਹੀਂ ਆਪ ਜੀ ਦੇ ਵਿਭਾਗਾਂ ਦੇ ਡਾਇਰੈਕਟੋਰੇਟ ਨੂੰ ਰੀਵੈਰੀਫਿਕੇਸ਼ਨ ਕਰਕੇ ਰਿਪੋਰਟ ਭਲਾਈ ਵਿਭਾਗ ਨੂੰ ਭੇਜਣ ਲਈ ਲਿਖਿਆ ਗਿਆ ਸੀ।

ਭਲਾਈ ਵਿਭਾਗ ਵਲੋਂ ਆਪਣੇ ਪੱਧਰ ਤੇ ਸਾਲ 2014-15 ਦੇ ਡਾਟੇ ਦੀ ਚੈਕਿੰਗ ਕਰਨ ਤੇ ਪਾਇਆ ਗਿਆ ਹੈ ਕਿ ਪੋਸਟ ਮੈਟ੍ਰਿਕ ਐਸ.ਸੀ. ਸਕੀਮ ਤਹਿਤ 3433 ਵਿਦਿਆਰਥੀਆਂ ਨੇ 2-2 ਸੰਸਥਾਵਾਂ ਵਿੱਚ ਦਾਖਲੇ ਲਏ ਹਨ ਅਤੇ 966 ਵਿਦਿਆਰਥੀਆਂ ਨੇ ਪੋਸਟ ਮੈਟ੍ਰਿਕ ਘੱਟ ਗਿਣਤੀਆਂ ਵਜੀਫੇ ਵਿੱਚ ਵੀ ਲਾਭ ਲਿਆ ਹੈ। ਸਬੰਧਤ ਸੈਂਕਸ਼ਨਿੰਗ ਅਥਾਰਟੀਆਂ ਵੱਲੋਂ ਇਹਨਾ ਕੇਸਾਂ ਨੂੰ ਪ੍ਰਵਾਨ ਕਰਨ ਉਪਰੰਤ ਲਾਗੂ ਕਰਤਾ ਵਿਭਾਗ ਨੇ ਅਸ਼ੀਰਵਾਦ ਪੋਰਟਲ ਤੇ ਸਿਫਾਰਸ਼ਾਂ ਭਲਾਈ ਵਿਭਾਗ ਨੂੰ ਭੇਜੀਆਂ ਹਨ। ਇਸ ਤਰਾਂ ਕਲੇਮਾਂ ਵਿੱਚ ਹੋਰ ਡੁਪਲੀਕੇਸੀ /ਕਮੀਆਂ ਹੋ ਸਕਦੀਆਂ ਹਨ, ਉਨ੍ਹਾਂ ਦੀ ਵੀ ਵੈਰੀਫਿਕੇਸ਼ਨ ਕਰਕੇ ਰਿਪੋਟ ਭਲਾਈ ਵਿਭਾਗ ਨੂੰ ਭੇਜੀ ਜਾਵੇ, ਜੋ ਅਜੇ ਤੱਕ ਪ੍ਰਾਪਤ ਨਹੀਂ ਹੋਈ।

ਬੇਨਤੀ ਹੈ ਕਿ ਸਬੰਧਤ ਡਾਇਰੈਕਟੋਰੇਟ ਨੂੰ ਹਦਾਇਤ ਕੀਤੀ ਜਾਵੇ ਕਿ ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਦੇ ਆਦੇਸ਼ ਅਤੇ ਸਬੰਧਤ ਪੱਤਰਾਂ ਅਨੁਸਾਰ ਵੈਰੀਫਿਕੇਸ਼ਨ ਰਿਪੋਰਟ ਜਲਦ ਤੋ ਜਲਦ ਭਲਾਈ ਵਿਭਾਗ ਨੂੰ ਭੇਜੀ ਜਾਵੇ।

ਡਾਇਰੈਕਟਰ